ਮਹਾਰਾਜਾ ਰਣਜੀਤ ਸਿੰਘ ਏ.ਐਫ.ਪੀ.ਆਈ
ਸੈਕਟਰ 77 ਮੁਹਾਲੀ

ਫਾਇਲ ਨੰ: 502/6ਵਾਂ ਕੋਰਸ/ 94 — 16 ਫਰਵਰੀ 2016

ਨਵਜੋਤ ਸਿੰਘ ਸਪੁੱਤਰ ਬੀਰ ਸਿੰਘ "ਜੋਰਾਵਰ"
ਪਿੰਡ ਤੇ ਡਾਕਖਾਨਾ ਰਸੂਲਪੁਰ ਮੱਲ੍ਹਾ,
ਤਹਿ. ਜਗਰਾਉਂ, ਜਿਲ੍ਹਾ ਲੁਧਿਆਣਾ (142035) ।

ਵਿਸ਼ਾ:- **ਆਰ.ਟੀ. ਆਈ ਐਕਟ - 2005 ਤਹਿਤ ਸੂਚਨਾ ਲੈਣ ਸੰਬੰਧੀ ।**

1. ਹਵਾਲਾ ਪੱਤਰ ਨੰ: ਮਿਤੀ 06-01-2016.
2. ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਵੱਲੋ ਮੰਗੀ ਗਈ ਸੂਚਨਾ ਇਸ ਪ੍ਰਕਾਰ ਹੈ:-

(ੳ) ਯੋਗਤਾ ਮਾਪਦੰਡ:-

- ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਣਾ ਚਾਹੀਦਾ ਹੈ।
- ਇਸ ਸਾਲ ਦੇ ਦਾਖਲੇ ਲਈ ਜਨਮ ਮਿਤੀ 02 ਜੁਲਾਈ 1999 ਤੋ ਪਹਿਲਾ ਦੀ ਨਹੀ ਹੋਣੀ ਚਾਹੀਦੀ ।
- ਨੈਸ਼ਨਲ ਡਿਫੈਂਸ ਅਕਾਦਮੀ ਦੀ ਜਰੂਰਤ ਮੁਤਾਬਿਕ ਮੈਡਿਕਲੀ ਫਿੱਟ ਹੋਵੇ ।
- 10ਵੀ ਜਮਾਤ ਵਿੱਚ ਪੜ੍ਹਦਾ ਹੋਣਾ ਚਾਹੀਦਾ ਹੈ।
- ਨੈਸ਼ਨਲ ਡਿਫੈਂਸ ਅਕਾਦਮੀ ਰਾਹੀ ਆਰਮਡ ਫੋਰਸਜ਼ ਵਿੱਚ ਜਾਣ ਦਾ ਇੱਛੁਕ ਹੋਵੇ ।
- ਸਿਰਫ ਮੁੰਡਿਆ ਲਈ ਹੈ।

(ਅ) ਹਰ ਸਾਲ ਜਨਵਰੀ 'ਚ ਅੰਗ੍ਰੇਜੀ ਤੇ ਗਣਿਤ ਦਾ ਲਿਖਤੀ ਇਮਤਿਹਾਨ ਲਿਆ ਜਾਂਦਾ ਹੈ।ਇਸ ਵਿੱਚੋ ਪਹਿਲੇ **150 ਸਫਲ ਨੋਜਵਾਨਾ ਦੀ ਮੈਰਿਟ ਸੂਚੀ ਸਾਡੀ ਵੈੱਬਸਾਇਟ (afpipunjab.org)** ਤੇ ਜਾਰੀ ਕਰ ਦਿੱਤੀ ਜਾਂਦੀ ਹੈ।ਜੇਕਰ ਕੋਈ ਨੋਜਵਾਨ **ਆਪਣੀ ਖੁੱਦ ਦੀ** ਪੋਜ਼ੀਸ਼ਨ ਚੈੱਕ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਇਹ ਸਾਰੀ **ਦਾਖਲਾ ਪ੍ਰਕਿਰਿਆ** ਖਤਮ ਹੋਣ ਤੋ ਬਾਅਦ ਦੱਸੀ ਜਾਵੇਗੀ। ਇਸਦੇ ਲਈ ਉਮੀਦਵਾਰ ਨੂੰ **ਲਿਖਤੀ ਦਰਖਾਸਤ ਆਪਣੇ ਰੋਲ ਨੰਬਰ** ਸਹਿਤ ਏ.ਐਫ.ਪੀ.ਆਈ ਨੂੰ ਭੇਜਣੀ ਪਵੇਗੀ।

(ੲ) ਨੋਜਵਾਨਾ ਨੂੰ ਲਿਖਤੀ ਇਮਤਿਹਾਨ (400 **ਅੰਕ**) ਤੋ ਇਲਾਵਾ ਇੰਟਰਵਿਊ (400 **ਅੰਕ**) ਅਤੇ ਮੈਡਿਕਲ ਟੈਸਟ ਪਾਸ ਕਰਨਾ ਜਰੂਰੀ ਹੁੰਦਾ ਹੈ, ਜੋ ਕਿ ਕੁੱਲ 800 **ਅੰਕਾਂ** ਦਾ ਹੁੰਦਾ ਹੈ।

(ਸ) ਫਾਇਨਲ ਚੁਣੇ ਹੋਏ ਨੋਜਵਾਨਾ ਤੋ ਹੇਠ ਲਿਖੇ ਅਨੁਸਾਰ ਖਰਚੇ ਲਏ ਜਾਂਦੇ ਹਨ :-
- ਸਕੂਲ ਦੀ ਫੀਸ - 38000/- ਰੁਪਏ (ਲਗਭਗ) ਸਾਲਾਨਾ, ਤਿੰਨ ਕਿਸ਼ਤਾ ਵਿੱਚ।
- ਸਿਕਉਰਟੀ ਫੀਸ - 15000/- ਰੁਪਏ (ਟ੍ਰੇਨਿੰਗ ਪੂਰੀ ਹੋਣ 'ਤੇ ਵਾਪਿਸ ਕੀਤੀ ਜਾਵੇਗੀ)।
- ਪੋਕਿਟ ਮਨੀ - 6000/- ਰੁਪਏ ਸਾਲਾਨਾ, (500/- ਰੁਪਏ ਮਹੀਨਾ ਦੀ ਦਰ ਨਾਲ)।
- ਸਕੂਲ ਦੀ ਕਿਤਾਬਾ ਦੀ ਕੀਮਤ ।
- ਕੋਈ ਤੋੜ-ਭੰਨ (ਨੁਕਸਾਨ) ਜਾਂ **ਏ.ਐਫ.ਪੀ.ਆਈ** ਵਿੱਚ ਇਤਫਾਕੀਆ ਖਰਚੇ ।

(ਹ) ਇਸ ਤੋ ਇਲਾਵਾ ਹੋਰ ਜਾਣਕਾਰੀ ਲਈ **ਏ.ਐਫ.ਪੀ.ਆਈ** ਦਾ ਬਰੋਸ਼ਰ ਨਾਲ ਨੱਥੀ ਕੀਤਾ ਜਾਂਦਾ ਹੈ।

(ਕੇ. ਡੀ. ਸਿੰਘ)
ਬ੍ਰਿਗੇਡੀਅਰ (ਰਿਟਾ.)
ਵਾਸਤਾ ਡਾਇਰੈਕਟਰ